# ਅਧਿਆਇ 17

# ਲਹੂ ਦੀ ਪਵਿੱਤਰਤਾ

ਲੇਵੀਆਂ 17 ਨਾਲ ਬਾਈਬਲ ਦੇ ਦੂਜੇ ਵੱਡੇ ਭਾਗ ਦਾ ਅਰੰਭ ਹੁੰਦਾ ਹੈ ਜੋ ਪੁਸਤਕ ਦੇ ਅਖ਼ੀਰ ਤਕ ਜਾਂਦਾ ਹੈ। ਪਹਿਲਾ ਭਾਗ ਪਵਿੱਤਰਤਾਈ ਵੱਲ ਜਾਣ ਦੀ ਗੱਲ ਕਰਦਾ ਹੈ ਅਤੇ ਦੂਜਾ ਪਵਿੱਤਰਤਾਈ ਦੇ *ਰਾਹ* ਦੀ ਗੱਲ ਕਰਦਾ ਹੈ।[1] ਅਧਿਆਇ 1 ਤੋਂ 16 ਵਿਚ ਦਿੱਤੇ ਹੁਕਮਾਂ ਵਿਚ ਇਸਰਾਏਲੀਆਂ ਨੂੰ ਦੱਸਿਆ ਗਿਆ ਕਿ ਉਹ ਪਵਿੱਤਰ ਕੌਮ ਕਿਵੇਂ ਬਣ ਸਕਦੇ ਸਨ, ਖ਼ਾਸਕਰ ਕੁਰਬਾਨੀ ਅਤੇ ਰਸਮੀ ਸ਼ੁੱਧਤਾ ਦੇ ਰਾਹੀਂ। ਅਧਿਆਇ 17 ਤੋਂ 27 ਵਿਚ ਮਿਲਣ ਵਾਲੀਆਂ ਖ਼ੁਦਾ ਦੀਆਂ ਹਦਾਇਤਾਂ ਵਿਚ ਖ਼ੁਦਾ ਦੇ ਲੋਕਾਂ ਨੂੰ ਵਿਖਾਇਆ ਗਿਆ ਕਿ ਸਦਾਚਾਰੀ ਅਤੇ ਇਖ਼ਲਾਕੀ ਜੀਉਣ ਸਬੰਧੀ ਉਸ ਦੇ ਹੁਕਮਾਂ ਨੂੰ ਮੰਨ ਕੇ ਪਵਿੱਤਰ ਕੌਮ ਦੇ ਰੂਪ ਵਿਚ ਕਿਵੇਂ ਰਹਿਣਾ ਹੈ।[2]

ਭਾਗ ਦੋ ਦਾ ਪਹਿਲਾ ਅਧਿਆਇ ਲਹੂ ਨਾਲ ਸਬੰਧਿਤ ਹੈ। ਇਸ ਵਿਚ ਇਹ ਯਾਦਗਾਰੀ ਕਥਨ ਮਿਲਦਾ ਹੈ: ''ਕਿਉਂ ਜੋ ਸਰੀਰ ਦੀ ਜਿੰਦ ਉਸ ਦੇ ਲਹੂ ਵਿੱਚ ਹੈ'' (17:11)। ਇਸਰਾਏਲ ਲਈ ਪ੍ਰਾਸਚਿਤ ਕੁਰਬਾਨ ਕੀਤੇ ਗਏ ਜਾਨਵਰਾਂ ਦੇ ਲਹੂ ਦੇ ਕਰਕੇ ਹੁੰਦਾ ਸੀ ਅਤੇ ਇਸ ਕਰਕੇ ਇਹੀ ਇਸਰਾਏਲ ਦੇ ''ਪਵਿੱਤਰ ਕੌਮ'' ਬਣਨ ਵਿਚ ਜ਼ਿੰਮੇਵਾਰ ਸੀ। ਇਹ ਢੁਕਵਾਂ ਹੈ ਕਿ ਪਰਮੇਸ਼ੁਰ ਦੇ ਲੋਕਾਂ ਦੀ ਪਵਿੱਤਰ ਬਣੇ ਰਹਿਣ ਵਿਚ ਮਦਦ ਲਈ ਇਸਰਾਏਲੀਆਂ ਨੂੰ ਦਿੱਤੇ ਗਏ ਪਹਿਲੇ ਨਿਯਮ ਲਹੂ ਨਾਲ ਸਬੰਧਿਤ ਨਿਯਮ ਸਨ।

ਨਿਯਮਾਂ ਦਾ ਸਬੰਧ ਪਾਲਤ ਜਾਨਵਰਾਂ (ਜਿਨ੍ਹਾਂ ਨੂੰ ਕੁਰਬਾਨੀਆਂ ਲਈ ਵਰਤਿਆ ਜਾ ਸਕਦਾ ਸੀ) ਅਤੇ ਜੰਗਲੀ ਜਾਨਵਰਾਂ (ਜਿਨ੍ਹਾਂ ਨੂੰ ਇਸਰਾਏਲੀ ਖਾ ਤਾਂ ਸਕਦੇ ਸਨ ਪਰ ਕੁਰਬਾਨੀਆਂ ਲਈ ਨਹੀਂ ਦੇ ਸਕਦੇ ਸਨ) ਸਣੇ ਸ਼ੁੱਧ ਜਾਨਵਰਾਂ ਦੀ ਮੌਤ ਨਾਲ ਸਬੰਧਿਤ ਹਨ। ਅਧਿਆਇ 17 ਉਨ੍ਹਾਂ ਤਿੰਨ ਤਰੀਕਿਆਂ ਦੀ ਗੱਲ ਕਰਦਾ ਹੈ ਜਿਨ੍ਹਾਂ ਨਾਲ ਜਾਨਵਰ ਆਪਣਾ ਲਹੂ ਵਹਾਉਂਦੇ ਜਾਂ ਮਰਦੇ ਸਨ: (1) ਉਨ੍ਹਾਂ ਨੂੰ ਕੁਰਬਾਨੀਆਂ ਲਈ ਜਾਂ ਸ਼ਾਇਦ ਭੋਜਨ ਲਈ ਵਰਤੇ ਜਾਣ ਲਈ ਕੱਟਿਆ ਜਾ ਸਕਦਾ ਸੀ, (2) ਉਨ੍ਹਾਂ ਦਾ ਸ਼ਿਕਾਰ ਕਰਕੇ ਉਨ੍ਹਾਂ ਨੂੰ ਮਾਰਿਆ ਜਾ ਸਕਦਾ ਸੀ, ਜਾਂ (3) ਉਹ ਹੋਰਨਾਂ ਕਾਰਨਾਂ ਕਰਕੇ ਮਰ ਸਕਦੇ ਸਨ। ਜਾਨਵਰਾਂ ਦੇ ਮਾਰਨ ਸਬੰਧੀ ਨਿਯਮਾਂ ਦੇ ਕੇਂਦਰ ਵਿਚ ਇਹ ਨਿਯਮ ਸੀ ਕਿ ਲੋਕ ਕਿਸੇ ਜੀਵ ਦਾ ਲਹੂ ਨਹੀਂ ਖਾ ਸਕਦੇ ਸਨ, ਕਿਉਂ ਜੋ ''ਜਿੰਦ ... ਲਹੂ ਵਿਚ ਹੈ'' (17:11)।

## ਜਾਣ-ਪਛਾਣ (17:1, 2)

**[1]ਫੇਰ ਯਹੋਵਾਹ ਮੂਸਾ ਨਾਲ ਬੋਲਿਆ ਕਿ [2]ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਅਤੇ ਇਸਰਾਏਲ ਦੇ ਸਾਰੇ ਪਰਵਾਰ ਨਾਲ ਗੱਲ ਕਰਕੇ ਉਨ੍ਹਾਂ ਨੂੰ ਆਖੋ, ਜਿਹੜੀ ਗੱਲ ਦੀ ਯਹੋਵਾਹ ਨੇ ਆਗਿਆ ਦਿੱਤੀ ਸੋ ਇਹ ਹੈ।**

ਨਿਯਮਾਂ ਦਾ ਅਰੰਭ ਉਨ੍ਹਾਂ ਦੇ ਮੂਲ ਦੀ ਪਛਾਣ ਨਾਲ ਹੁੰਦਾ ਹੈ।

**ਆਇਤਾਂ 1, 2.** ਲਿਖਤ ਇਹ ਐਲਾਨ ਕਰਦੀ ਹੈ ਕਿ ਅਗਲੇ ਨਿਯਮ **ਯਹੋਵਾਹ** ਵੱਲੋਂ **ਮੂਸਾ** ਨੂੰ ਦਿੱਤੇ ਗਏ ਸਨ। ਇਸ ਤੋਂ ਬਾਅਦ ਉਹਨੇ **ਹਾਰੂਨ ਅਤੇ ਉਸ ਦੇ ਪੁੱਤਰਾਂ** (ਇਸਰਾਏਲ ਦੇ ਯਾਜਕਾਂ)

**ਅਤੇ ਇਸਰਾਏਲ ਦੇ ਸਾਰੇ ਪਰਿਵਾਰ ਨਾਲ ਗੱਲ** ਕੀਤੀ। ਇਹ ਨਿਯਮ ਨਿਰੇ ਯਾਜਕਾਂ ਦੇ ਤੌਰ ਤਰੀਕੇ ਬਾਰੇ ਹੀ ਨਹੀਂ ਸਨ ਬਲਕਿ ਉਹ ਸਭ ਲੋਕਾਂ ਨੂੰ ਪਤਾ ਹੋਣੇ ਅਤੇ ਉਨ੍ਹਾਂ ਵੱਲੋਂ ਮੰਨੇ ਜਾਣੇ ਜ਼ਰੂਰੀ ਸਨ। ਉਹ ਆਮ ਇਸਰਾਏਲੀਆਂ ਦੇ ਤੌਰ ਤਰੀਕੇ ਨੂੰ ਅਕਾਰ ਦੇਣ ਲਈ ਦਿੱਤੇ ਗਏ ਸਨ।

## ਘਰੇਲੂ ਜਾਨਵਰਾਂ ਦਾ ਕੁਰਬਾਨੀ ਲਈ ਮਾਰਿਆ ਜਾਣਾ (17:3-9)

**3ਭਾਵੇਂ ਕੋਈ ਮਨੁੱਖ ਇਸਰਾਏਲ ਦੇ ਘਰਾਣੇ ਤੋਂ ਹੋਵੇ, ਜੋ ਬਲਦ, ਯਾ ਲੇਲਾ, ਯਾ ਬੱਕਰਾ ਡੇਰੇ ਵਿੱਚ ਕੱਟ ਸੁੱਟੇ ਯਾ ਡੇਰੇ ਤੋਂ ਬਾਹਰ ਕੱਟੇ 4ਅਤੇ ਉਸ ਨੂੰ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਯਹੋਵਾਹ ਦੇ ਅੱਗੇ, ਯਹੋਵਾਹ ਦੇ ਡੇਹਰੇ ਦੇ ਅੱਗੇ ਬਲੀ ਚੜ੍ਹਾਉਣ ਨੂੰ ਉਸ ਨੂੰ ਨਾ ਲਿਆਵੇ, ਓਸ ਦੇ ਜੁੰਮੇ ਖ਼ੂਨ ਗਿਣਿਆ ਜਾਏ। ਉਸ ਨੇ ਲਹੂ ਬਹਾਇਆ ਅਤੇ ਉਹ ਮਨੁੱਖ ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇ 5ਏਸ ਕਰਕੇ ਜੋ ਇਸਰਾਏਲੀਆਂ ਆਪਣੀਆਂ ਬਲੀਆਂ ਨੂੰ ਜੋ ਓਹ ਖੁੱਲ੍ਹੇ ਰੜੇ ਵਿੱਚ ਚੜ੍ਹਾਉਂਦੇ ਹਨ ਭਈ ਓਹ ਉਨ੍ਹਾਂ ਨੂੰ ਯਹੋਵਾਹ ਦੇ ਅੱਗੇ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਜਾਜਕ ਦੇ ਅੱਗੇ ਲਿਆਉਣ ਅਤੇ ਉਨ੍ਹਾਂ ਨੂੰ ਯਹੋਵਾਹ ਦੇ ਅੱਗੇ ਸੁਖ ਸਾਂਦ ਦੀਆਂ ਭੇਟਾਂ ਕਰਕੇ ਚੜ੍ਹਾਉਣ 6ਅਤੇ ਜਾਜਕ ਉਸ ਲਹੂ ਨੂੰ ਯਹੋਵਾਹ ਦੀ ਜਗਵੇਦੀ ਦੇ ਉੱਤੇ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਛਿਣਕੇ ਅਤੇ ਚਰਬੀ ਨੂੰ ਯਹੋਵਾਹ ਦੇ ਅੱਗੇ ਸੁਗੰਧਤਾ ਕਰਕੇ ਸਾੜੇ 7ਅਤੇ ਉਹ ਫੇਰ ਕਦੀ ਆਪਣੀਆਂ ਬਲੀਆਂ ਭੂਤ ਬੱਕਰਿਆਂ ਦੇ ਅੱਗੇ ਜਿਨ੍ਹਾਂ ਦੇ ਮਗਰ ਉਹ ਲੱਗ ਕੇ ਉਹ ਜ਼ਨਾਹ ਕਰਦੇ ਸਨ ਨਾ ਚੜ੍ਹਾਉਣ, ਇਹ ਉਨ੍ਹਾਂ ਦੇ ਲਈ ਉਨ੍ਹਾਂ ਦੀਆਂ ਪੀੜ੍ਹੀਆਂ ਤੋੜੀ ਇੱਕ ਸਦਾ ਦੀ ਬਿਧੀ ਹੋਵੇ। 8ਤੈਂ ਉਨ੍ਹਾਂ ਨੂੰ ਇਸ ਤਰਾਂ ਆਖਣਾ, ਭਾਵੇਂ ਇਸਰਾਏਲ ਦੇ ਘਰਾਣੇ ਦਾ ਕੋਈ ਮਨੁੱਖ ਹੋਵੇ, ਯਾ ਓਪਰਿਆਂ ਵਿੱਚੋਂ ਜੋ ਤੁਹਾਡੇ ਵਿਚਕਾਰ ਰਹਿੰਦੇ ਹਨ, ਜਿਹੜਾ ਹੋਮ ਦੀ ਭੇਟ ਯਾ ਬਲੀ ਚੜ੍ਹਾਵੇ 9ਅਤੇ ਉਸ ਨੂੰ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਯਹੋਵਾਹ ਦੇ ਅੱਗੇ ਚੜ੍ਹਾਉਣ ਲਈ ਉਸ ਨੂੰ ਨਾ ਲਿਆਵੇ, ਉਹ ਮਨੁੱਖ ਆਪਣੇ ਲੋਕਾਂ ਵਿੱਚੋਂ ਛੇਕਿਆ ਜਾਏ।**

ਅਧਿਆਇ ਦਾ ਆਮ ਵਿਸ਼ਾ ''ਲਹੂ'' ਹੈ ਇਸ ਦੇ ਨਿਯਮ ਮਨੁੱਖ ਦਾ ਲਹੂ ਵਹਾਏ ਜਾਣ ਸਬੰਧੀ ਨਹੀਂ ਹਨ ਬਲਕਿ ਜਾਨਵਰਾਂ ਦੇ ਲਹੂ ਵਹਾਏ ਜਾਣ ਸਬੰਧੀ ਜਾਂ ਉਨ੍ਹਾਂ ਦੀ ਮੌਤ ਸਬੰਧੀ ਹਨ ਜੋ ਕਿ ਇੱਕੋ ਹੀ ਗੱਲ ਹੈ। ਵਚਨ ਪਹਿਲਾਂ ਘਰੇਲੂ ਜਾਨਵਰਾਂ ਦੇ ਕੱਟੇ ਜਾਣ ਦੀ ਗੱਲ ਕਰਦਾ ਹੈ।

**ਆਇਤਾਂ 3, 4.** 17:3, 4 ਇਹ ਆਖਦਾ ਹੋਇਆ ਜਾਪਦਾ ਹੈ ਕਿ ਕੋਈ ਇਸਰਾਏਲੀ ਕਿਸੇ ਜਾਨਵਰ ਨੂੰ ਭੋਜਨ ਜਾਂ ਕੁਰਬਾਨੀ ਲਈ ਨਾ ਮਾਰੇ, **ਡੇਰੇ** ਤੋਂ ਛੁੱਟ ਜਿੱਥੇ ਇਸ ਨੂੰ ਕੁਰਬਾਨੀ ਕੀਤਾ ਜਾਣਾ ਸੀ। ਇਹਦਾ ਮਤਲਬ ਇਹ ਹੋਇਆ ਕਿ ਬਿਨਾਂ ਕੁਰਬਾਨੀ ਦੇ ਭੋਜਨ ਲਈ ਕਿਸੇ ਜਾਨਵਰ ਨੂੰ ਕੱਟਣ ਦੀ ਮਨਾਹੀ ਹੋਵੇਗੀ। ਅਜਿਹਾ ਅਰਥ ਸੰਭਵ ਲਗਦਾ ਹੈ ਜਦ ਕੋਈ ਧਿਆਨ ਵਿਚ ਇਹ ਰੱਖੇ ਕੀ ਇਸਰਾਏਲੀ ਲੋਕ ਉਜਾੜ ਵਿਚ ਮਾਸ ਘੱਟ ਹੀ ਖਾਂਦੇ ਹੋਣਗੇ ਕਿਉਂ ਜੋ ਉਨ੍ਹਾਂ ਨੂੰ ਖਾਣ ਲਈ ਮੰਨ ਮਿਲ ਜਾਂਦਾ ਸੀ ਅਤੇ ਜਾਨਵਰ ਐਨੇ ਕੀਮਤੀ ਸਨ ਕਿ ਉਨ੍ਹਾਂ ਨੂੰ ਰੋਜ਼ ਖਾਧਾ ਨਹੀਂ ਜਾ ਸਕਦਾ ਸੀ।

ਅਜਿਹੀ ਸੂਰਤ ਵਿਚ ਵਚਨ ਬਿਵਸਥਾ ਸਾਰ 12:15, 20, 21 ਵਿਚਲੀਆਂ ਗੱਲਾਂ ਦੇ ਉਲਟ ਲੱਗੇਗਾ। ਉੱਥੇ ਇਸਰਾਏਲੀਆਂ ਨੂੰ ਜਦ ਚਾਹੁਣ ਅਤੇ ਜਿੱਥੇ ਚਾਹੁਣ ਆਪਣੀ ਮਰਜ਼ੀ ਨਾਲ ਆਮ ਭੋਜਨਾਂ ਲਈ ਜਾਨਵਰਾਂ ਨੂੰ ਮਾਰ ਕੇ ਖਾਣ ਦੀ ਇਜਾਜ਼ਤ ਸੀ। ਇਸੇ ਤਰ੍ਹਾਂ ਉਸ ਸੰਦਰਭ ਵਿਚ ਹੋਰ ਆਇਤਾਂ ਪਰਮੇਸ਼ੁਰ ਅੱਗੇ ਚੜ੍ਹਾਈਆਂ ਗਈਆਂ ਕੁਰਬਾਨੀਆਂ ਦੀ ਥਾਂ ਕੇਂਦਰੀ ਪਵਿੱਤਰ ਅਸਥਾਨ ਤਕ ਸੀਮਿਤ ਕਰਦੀਆਂ ਹਨ:

> ਤਾਂ ਐਉਂ ਹੋਵਗਾ ਕਿ ਤੁਸੀਂ ਉਸ ਅਸਥਾਨ ਨੂੰ ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ੁਰ ਚੁਣੇਗਾ ਭਈ ਆਪਣਾ ਨਾਮ ਉੱਥੇ ਰੱਖੇ ਤੁਸੀਂ ਜੋ ਕੁਝ ਮੈਂ ਤੁਹਾਨੂੰ ਹੁਕਮ ਦਿੰਦਾ ਹਾਂ ਲਿਆਇਆ

> ਕਰਿਓ ਅਰਥਾਤ ਆਪਣੀਆਂ ਹੋਮ ਦੀਆਂ ਭੇਟਾਂ, ਆਪਣੀਆਂ ਬਲੀਆਂ, ਆਪਣੇ ਦਸਵੰਧ, ਆਪਣੇ ਹੱਥ ਦੀਆਂ ਚੁੱਕਣ ਦੀਆਂ ਭੇਟਾਂ ਅਤੇ ਆਪਣੀਆਂ ਸਾਰੀਆਂ ਮਨ ਭਾਉਂਦੀਆਂ ਸੁੱਖਣਾਂ ਜਿਹੜੀਆਂ ਤੁਸਾਂ ਯਹੋਵਾਹ ਲਈ ਸੁੱਖੀਆਂ ਹਨ। ... ਖਬਰਦਾਰ ਰਹੋ, ਤੁਸੀਂ ਆਪਣੀਆਂ ਹੋਮ ਦੀਆਂ ਬਲੀਆਂ ਜਿੱਥੇ ਕਿਤੇ ਤੁਹਾਡੀ ਨਿਗਾਹ ਵਿੱਚ ਜਾਵੇ ਨਾ ਚੜ੍ਹਾਇਓ। ਪਰ ਉਸ ਅਸਥਾਨ ਉੱਤੇ ਜਿਹੜਾ ਯਹੋਵਾਹ ਤੁਹਾਡੇ ਕਿਸੇ ਗੋਤ ਵਿੱਚ ਚੁਣੇ ਉੱਥੇ ਤੁਸੀਂ ਆਪਣੀਆਂ ਹੋਮ ਦੀਆਂ ਬਲੀਆਂ ਚੜ੍ਹਾਇਓ ਅਤੇ ਉੱਥੇ ਤੁਸੀਂ ਜੋ ਕੁਝ ਮੈਂ ਤੁਹਾਨੂੰ ਹੁਕਮ ਦਿੰਦਾ ਹਾਂ ਕਰਿਓ (ਬਿਵਸਥਾ ਸਾਰ 12:11–14)।

ਸ਼ਾਇਦ ਬਿਵਸਥਾ ਸਾਰ 12:15, 20, 21 ਜਿਸ ਨੇ ਇਸਰਾਏਲੀਆਂ ਨੂੰ ਆਮ ਭੋਜਨ ਲਈ ਕਿਤੇ ਵੀ ਜਾਨਵਰਾਂ ਨੂੰ ਮਾਰ ਕੇ ਖਾਣ ਦੀ ਇਜਾਜ਼ਤ ਦਿੱਤੀ, ਖ਼ੁਦਾ ਦੇ ਆਪਣੇ ਪਹਿਲਾਂ ਦਿੱਤੇ ਨਿਯਮ ਵਿਚ ਸੋਧ ਨੂੰ ਵਿਖਾਉਂਦਾ ਹੈ। ਇਹ ਬਦਲਾਅ ਇਸਰਾਏਲੀਆਂ ਦੇ ਵਾਅਦੇ ਦੀ ਧਰਤੀ ਵਿਚ ਛੇਤੀ ਵੜਨ ਦੇ ਅਧਾਰ ਤੇ ਹੋਵੇਗਾ।[3]

ਇਨ੍ਹਾਂ ਦੋਹਾਂ ਹਵਾਲਿਆਂ ਵਿਚ ਸਾਫ਼ ਫ਼ਰਕ ਦੀ ਇਕ ਹੋਰ ਵਿਆਖਿਆ ਇਹ ਹੋ ਸਕਦੀ ਹੈ ਕਿ ਇਬਰਾਨੀ ਸ਼ਬਦ *shachat* (*ਸ਼ਾਚਾਤ*) ਜਿਸ ਦਾ ਅਨੁਵਾਦ ਆਇਤ 3 ਵਿਚ **ਕੱਟ ਸੁੱਟੇ ਜਾਂ ਕੱਟੇ** ਹੋਇਆ ਹੈ, ਵਿਹਾਰਕ ਤੌਰ ਤੇ ਕੁਰਬਾਨੀ ਲਈ ਜਾਨਵਰਾਂ ਨੂੰ ਮਾਰੇ ਜਾਣ ਲਈ ਹੀ ਵਰਤਿਆ ਜਾਂਦਾ ਹੈ।[4] ਆਇਤਾਂ 3 ਅਤੇ 4,ਲਈ NIV ਵਿਚ ਇਵੇਂ ਲਿਖਿਆ ਹੈ:

> ''ਕੋਈ ਵੀ ਇਸਰਾਏਲੀ ਜਿਹੜਾ ਬਲਦ, ਲੇਲੇ, ਜਾਂ ਬੱਕਰੇ ਨੂੰ ਯਹੋਵਾਹ ਦੇ ਡੇਰੇ ਦੇ ਅੱਗੇ ਯਹੋਵਾਹ ਲਈ ਭੇਟ ਵਜੋਂ ਦੇਣ ਲਈ ਮੰਡਲੀ ਦੇ ਪ੍ਰਵੇਸ਼ ਦੁਆਰ ਤੇ ਲਿਆਉਣ ਦੀ ਬਜਾਇ ਇਸ ਦੇ ਅੰਦਰ ਜਾਂ ਬਾਹਰ *ਕੁਰਬਾਨ ਕਰੇ* ਤਾਂ ਉਸ ਵਿਅਕਤੀ ਨੂੰ ਖ਼ੂਨ ਦਾ ਦੋਸ਼ੀ ਮੰਨਿਆ ਜਾਏ; ਉਨ੍ਹਾਂ ਨੇ ਲਹੂ ਵਹਾਇਆ ਹੈ ਅਤੇ ਉਹ ਆਪਣੇ ਲੋਕਾਂ ਵਿੱਚੋਂ ਛੇਕੇ ਜਾਣ।''

ਜੇ ਇਹ ਅਨੁਵਾਦ ਸਹੀ ਹੈ ਤਾਂ ਇਸ ਹਵਾਲੇ ਦਾ ਮਤਲਬ ਸਿਰਫ਼ ਐਨਾ ਹੈ ਕਿ ਡੇਰੇ ਤੋਂ ਛੁੱਟ ਕਿਸੇ ਵੀ ਹੋਰ ਥਾਂ ਜਾਨਵਰ ਨੂੰ ਕੁਰਬਾਨ ਕਰਨ ਵਾਲਾ ਕੋਈ ਵੀ ਵਿਅਕਤੀ ਦੋਸ਼ੀ ਸੀ।

ਜੋ ਵੀ ਹੋਵੇ, ਇਸ ਨਿਯਮ ਦਾ ਮੁੱਖ ਮਕਸਦ ਕੁਰਬਾਨੀਆਂ ਦਾ ਡੇਰੇ ਵਿਚ ਕੇਂਦਰੀਕਰਣ ਕਰਨਾ ਲਗਦਾ ਹੈ। ਜੇ ਕੋਈ ਇਸ ਨਿਯਮ ਦਾ ਉਲੰਘਣ ਕਰਦਾ ਤਾਂ ਉਸ ਦੇ ਕੰਮ ਨੂੰ **ਉਸ ਦੇ ਜਿੰਮੇ ਖ਼ੂਨ ਗਿਣਿਆ** ਜਾਣਾ ਸੀ ਅਤੇ ਉਸ ਨੂੰ **ਆਪਣੇ ਲੋਕਾਂ ਵਿੱਚੋਂ ਛੇਕਿਆ** ਜਾਣਾ ਸੀ।

''ਜਿੰਮੇ ਖ਼ੂਨ'' ਦੀ ਵਰਤੋਂ ਸ਼ਰ੍ਹਾ ਵਿਚ ਆਮ ਤੌਰ ਤੇ ਕਿਸੇ ਮਨੁੱਖੀ ਜੀਵ ਵੱਲੋਂ ਕਿਸੇ ਹੋਰ ਮਨੁੱਖੀ ਜੀਵ ਨੂੰ ਨਜਾਇਜ਼ ਤਰੀਕੇ ਨਾਲ ਕਤਲ ਕਰਨ ਕਰਕੇ ਦੋਸ਼ੀ ਹੋਣ ਲਈ ਕੀਤੀ ਗਈ ਹੈ। ਇਸ ਕਰੜੇ ਇਜ਼ਹਾਰ ਦੀ ਵਰਤੋਂ ਇਸ ਘਟਨਾ ਵਿਚ ਯਹੋਵਾਹ ਦੇ ਹੁਕਮ ਨੂੰ ਤੋੜਨ ਦੀ ਗੰਭੀਰਤਾ ਉੱਤੇ ਜ਼ੋਰ ਦੇਣ ਲਈ ਕੀਤੀ ਗਈ ਹੈ। ਜਾਨਵਰ ਨੂੰ ਡੇਰੇ ਦੇ ਬਾਹਰ ਮਾਰ ਕੇ ਕੁਰਬਾਨ ਕਰਨਾ ਕਿਸੇ ਮਨੁੱਖੀ ਜੀਵ ਨੂੰ ਨਜਾਇਜ਼ ਕਤਲ ਕਰਨ ਵਾਂਗ ਹੀ ਸੀ।

''ਛੇਕਿਆ ਜਾਵੇ'' ਦੇ ਅਰਥ ਦਾ ਪੱਕਾ ਪਤਾ ਨਹੀਂ ਹੈ। ਇਹ ਕੁਲਪੱਤਰੀ ਵਿੱਚੋਂ ਕੱਢਿਆ ਜਾਣ ਦਾ ਸੰਕੇਤ ਹੋ ਸਕਦਾ ਹੈ। ਇਕ ਹੋਰ ਵਿਚਾਰ ਇਹ ਹੈ ਕਿ ਇਸ ਦਾ ਅਰਥ ਸਮਾਜ ਵਿੱਚੋਂ ਛੇਕੇ ਜਾਣਾ ਹੈ। ਇਕ ਤੀਜੀ ਸੰਭਾਵਨਾ ਇਹ ਹੈ ਕਿ ਇਹ ਮੌਤ ਦੀ ਸਜ਼ਾ ਦਾ ਸੰਕੇਤ ਹੈ ਜਿਹੜੀ ਯਹੋਵਾਹ ਨੇ ਆਪ ਦੇਣੀ ਹੁੰਦੀ ਸੀ। ਇਸ ਆਖ਼ਰੀ ਬਦਲ ਦੀ ਸੰਭਾਵਨਾ ਵਧੇਰੇ ਲਗਦੀ ਹੈ।

**ਆਇਤ 5.** ਇਸ ਆਇਤ ਦੇ ਸ਼ੁਰੂ ਵਿਚ **ਇਸ ਕਰਕੇ ਜੋ** ਹਿੱਸੇ ਦਾ ਅਰਥ ਬਹੁਅਰਥੀ ਹੈ। ਇਬਰਾਨੀ ਲਿਖਤ ''ਤਾਂ ਜੋ'' ਹੈ ਜੋ ਇਹ ਸੁਝਾਅ ਦੇ ਸਕਦਾ ਹੈ ਕਿ ਕਿਸੇ ਜਾਨਵਰ ਨੂੰ ਕੱਟਣ ਕਰਕੇ ਨਾ ਕਿ ਡੇਰੇ ਵਿੱਚੋਂ ਕੁਰਬਾਨ ਕਰਨ ਕਰਕੇ ਲੋਕਾਂ ਵਿੱਚੋਂ (ਆਇਤਾਂ 3 ਅਤੇ 4) ਛੇਕਿਆ ਜਾਣ ਕਰਕੇ

ਇਸਰਾਏਲੀਆਂ ਨੂੰ ਆਪਣੇ ਡੇਰੇ ਵਿਚ ਲਿਆ ਕੇ ਉੱਥੇ ਚੜ੍ਹਾਉਣਾ ਸਿਖਾਉਣ ਲਈ ਸੀ।

ਇੱਥੇ ਦਿੱਤੇ ਗਏ ਨਿਯਮ ਜ਼ਾਹਿਰ ਤੌਰ ਤੇ ਇਸਰਾਏਲੀਆਂ ਨੂੰ ਕੁਰਬਾਨੀਆਂ **ਖੁੱਲ੍ਹੇ ਰੜੇ ਵਿਚ** ਚੜ੍ਹਾਉਣ ਤੋਂ ਰੋਕਣ ਲਈ ਦਿੱਤੇ ਗਏ ਸਨ। ਕਿਉਂ? ਖ਼ੁਦਾ ਹਾਲ ਹੀ ਵਿਚ ਬਣੇ ਨਵੇਂ ਡੇਰੇ ਵਿਚ ਉਨ੍ਹਾਂ ਦੀ ਬੰਦਗੀ ਨੂੰ ਹੀ ਕੇਂਦ੍ਰਿਤ ਨਹੀਂ ਕਰਨਾ ਚਾਹੁੰਦਾ ਸੀ ਬਲਕਿ ਉਹ ਉਨ੍ਹਾਂ ਦੀ ਬੰਦਗੀ ਨੂੰ ਬੁੱਤਪ੍ਰਸਤੀ ਵਿਚ ਬਦਲਣ ਤੋਂ ਵੀ ਰੋਕ ਰਿਹਾ ਸੀ। ਆਪਣੇ ਸਾਕ ਸਬੰਧੀਆਂ ਤੋਂ ਦੂਰ ਹੋਣ ਤੇ ਇਹ ਪ੍ਰਲੋਭਨ ਡੇਰੇ ਵਿਚ ਦਿੱਤੀਆਂ ਗਈਆਂ ਉਨ੍ਹਾਂ ਦੀਆਂ ਕੁਰਬਾਨੀਆਂ ਨਾਲੋਂ ਵੱਡਾ ਹੁੰਦਾ ਸੀ। ਬਾਈਬਲ ਵਿਚ ਇਸ ਦਾ ਤਾਂ ਨਹੀਂ ਹੈ, ਪਰ ਜਦੋਂ ਉਹ ''ਖੁੱਲ੍ਹੇ ਰੜੇ ਵਿਚ'' ਆਪਣੀਆਂ ਕੁਰਬਾਨੀਆਂ ਲਿਆਉਂਦੇ ਤਾਂ ਯਾਜਕਾਂ ਨੂੰ ਉਨ੍ਹਾਂ ਦਾ ਹਿੱਸਾ ਨਹੀਂ ਮਿਲਦਾ ਸੀ। ਅਜਿਹੀਆਂ ਕੁਰਬਾਨੀਆਂ ਦਾ ਮਾਸ ਯਾਜਕਾਈ ਲਈ ਕੌਮ ਵੱਲੋਂ ਦਿੱਤੀ ਗਈ ਮਦਦ ਦਾ ਅਹਿਮ ਹਿੱਸਾ ਹੁੰਦਾ ਸੀ।

ਇਸਰਾਏਲੀਆਂ ਨੇ ਆਪਣੀਆਂ ਕੁਰਬਾਨੀਆਂ **ਯਹੋਵਾਹ ਦੇ ਅੱਗੇ ਮੰਡਲੀ ਦੇ ਡੇਰੇ ਦੇ ਬੂਹੇ ਕੋਲ** ਲਿਆਉਣੀਆਂ ਹੁੰਦੀਆਂ ਸਨ। ਆਪਣੀਆਂ ਸੁਖ ਸਾਂਦ ਦੀਆਂ ਭੇਟਾਂ ਨੂੰ ਕੱਟਣ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੀ ਹੁੰਦੀ ਸੀ (3:2)।

**ਆਇਤ 6.** **ਜਾਜਕ** ਲਈ ਜ਼ਰੂਰੀ ਸੀ ਕਿ ਉਹ ਸੁਖ ਸਾਂਦ ਦੀ ਭੇਟ ਦਾ **ਲਹੂ ਜਗਵੇਦੀ ਦੇ ਉੱਤੇ ਛਿਣਕੇ** ਅਤੇ ਫਿਰ ਇਸ ਦੀ **ਚਰਬੀ** ਨੂੰ ਉੱਥੇ ਸਾੜ ਦਵੇ। ਪਰ ਮਾਸ ਯਾਜਕਾਂ (ਅਤੇ ਉਨ੍ਹਾਂ ਦੇ ਪਰਿਵਾਰਾਂ) ਅਤੇ ਚੜ੍ਹਾਵਾ ਲਿਆਉਣ ਵਾਲੇ (ਅਤੇ ਉਸ ਦੇ ਪਰਿਵਾਰ ਅਤੇ ਦੋਸਤਾਂ) ਵਿਚਕਾਰ ਵੰਡਿਆ ਜਾਂਦਾ ਸੀ।

**ਆਇਤ 7.** ਡੇਰੇ ਵਿਚ ਦਿੱਤੀਆਂ ਜਾਣ ਵਾਲੀਆਂ ਇਹ ਭੇਟਾਂ **ਭੂਤ ਬੱਕਰਿਆਂ** ਲਈ ਦਿੱਤੀ ਗਈ ਕਿਸੇ ਵੀ ਭੇਟ ਦੀ ਥਾਂ ਦਿੱਤੀਆਂ ਜਾਂਦੀਆਂ ਸਨ। ਮਤਲਬ ਇਹ ਕਿ ਇਸਰਾਏਲੀ ਲੋਕ ਭੂਤ ਬੱਕਰਿਆਂ ਲਈ ਕੁਰਬਾਨੀਆਂ ਦੇ ਕੇ ਸ਼ਾਇਦ ''ਖੁੱਲ੍ਹੇ ਰੜੇ ਵਿਚ'' **ਜ਼ਨਾਹ ਕਰ** ਰਹੇ ਸਨ (17:5)।

ਪੁਰਾਣੇ ਨੇਮ ਵਿਚ ਇਸਰਾਏਲੀਆਂ ਵੱਲੋਂ ਕੀਤੀ ਜਾਣ ਵਾਲੀ ਬੁੱਤਪ੍ਰਸਤੀ ਨੂੰ ਅਕਸਰ ''ਜ਼ਨਾਹਕਾਰੀ'' ਕਿਹਾ ਗਿਆ ਹੈ। ਵਿਚਾਰ ਇਹ ਹੈ ਕਿ ਖ਼ੁਦਾ ਨੇ ਇਸਰਾਏਲੀਆਂ ਨਾਲ ਨੇਮ ਬੰਨ੍ਹ ਕੇ ਇਕ ਅਰਥ ਵਿਚ ਇਸਰਾਏਲ ਨੂੰ ਆਪਣੀ ਪਤਨੀ ਬਣਾ ਲਿਆ ਸੀ। ਜਦ ਉਹ ਦੂਜੇ ਦੇਵਤਿਆਂ ਦੇ ਮਗਰ ਜਾਂਦੀ, ਤਾਂ ਇਹ ਇਵੇਂ ਸੀ ਜਿਵੇਂ ਉਹ ਹੋਰਨਾਂ ਪ੍ਰੇਮੀਆਂ ਕੋਲ ਜਾ ਕੇ ਉਨ੍ਹਾਂ ਨਾਲ ਵਿਭਚਾਰ ਕਰ ਰਹੀ ਹੁੰਦੀ ਅਤੇ ਇਹ ''ਜ਼ਨਾਹਕਾਰੀ ਗੱਲਾਂ'' ਸੀ। ਹੋਸ਼ੇਆ ਦੀ ਕਿਤਾਬ ਵਿਚ ਇਹ ਰੂਪਕ ਉੱਘੇ ਤੌਰ ਤੇ ਦੱਸਿਆ ਗਿਆ ਹੈ।

ਭੂਤ ਬੱਕਰਿਆਂ ਦੀ ਥਾਂ ਹੋਰਨਾਂ ਸੰਸਕਰਣਾਂ ਵਿਚ ''ਭੂਤਾਂ'' (NKJV), ''ਬੱਕਰਿਆਂ ਦੀਆਂ ਮੂਰਤਾਂ'' (NIV), ਅਤੇ ਯੂਨਾਨੀ ਦੇਵਤਾ ''*satyrs [ ਬਣਮਾਨਸ ]*'' (RSV) ਹੈ। ਕਲਾਈਡ ਐੱਮ. ਵੂਡਸ ਨੇ ਟਿੱਪਣੀ ਕੀਤੀ ਹੈ:

> ਅਨੁਵਾਦ ਹੋਇਆ ਸ਼ਬਦ ''*satyrs*'' (*seirim*) ਹੈ ਜਿਸ ਦਾ ਅਰਥ ਆਮ ਤੌਰ ਤੇ ''ਬੱਕਰੇ'' ਹੁੰਦਾ ਹੈ, ਪਰ ਇਸ ਨੂੰ ਇਕ ਤਰ੍ਹਾਂ ਦੇ ਭੂਤ ਲਈ ਵੀ ਵਰਤਿਆ ਜਾਂਦਾ ਹੈ ਜਿਸ ਦੇ ਉਜਾੜ ਥਾਂਵਾਂ ਵਿਚ ਵਾਸ ਹੋਣ ਦੀ ਮਾਨਤਾ ਹੈ। *[* ਵੇਖੋ ਯਸਾਯਾਹ 13:21; 34:14; 2 ਇਤਹਾਸ 11:15. *]* ਇਸਰਾਏਲੀਆਂ ਨੂੰ ਇਨ੍ਹਾਂ ''ਖੇਤਾਂ ਦੇ ਭੂਤਾਂ'' ਅੱਗੇ ਕੁਰਬਾਨੀਆਂ ਚੜ੍ਹਾਉਣ ਦਾ ਪ੍ਰਲੋਭਨ, ਸ਼ਾਇਦ ਉਨ੍ਹਾਂ ਦੇ ਬੁਰੇ ਅਸਰ ਨੂੰ ਦੂਰ ਕਰਨ ਦੀ ਮਾਨਤਾ ਦੀ ਕੋਸ਼ਿਸ਼ ਵਿਚ ਹੁੰਦਾ ਸੀ।[5]

ਪਾਠਕ ਲਈ ਭੂਤਾਂ ਅੱਗੇ ਚੜ੍ਹਾਈਆਂ ਗਈਆਂ ਭੇਟਾਂ ਦਾ ਇਹ ਜ਼ਿਕਰ ਹੈਰਾਨੀ ਵਾਲਾ ਹੋ ਸਕਦਾ ਹੈ ਕਿਉਂ ਜੋ ਲੇਵੀਆਂ ਦੀ ਪੋਥੀ ਵਿਚ ਅੱਜੇ ਤਕ ਇਸਰਾਏਲੀਆਂ ਦੇ ਕਿਸੇ ਦੀ ਮੂਰਤੀ ਦੀ ਪੂਜਾ ਕਰਕੇ ਪਾਪ ਕਰਨ ਦੀ ਕੋਈ ਗੱਲ ਨਹੀਂ ਆਈ। ਪਰ ਇਸਰਾਏਲੀਆਂ ਵੱਲੋਂ ਸੋਨੇ ਦੀ ਵੱਛੇ ਦੀ ਪੂਜਾ (ਕੂਚ 32) ਇਨ੍ਹਾਂ ਨਿਯਮਾਂ ਦੇ ਦਿੱਤੇ ਅਜੇ ਬਹੁਤੇ ਮਹੀਨੇ ਨਹੀਂ ਹੋਏ ਸਨ। ਪਰਮੇਸ਼ੁਰ ਦੀ ਸ਼ਰ੍ਹਾ ਇੱਥੇ ਸਾਫ਼

ਕਰ ਦਿੰਦੀ ਹੈ ਕਿ ਇਸਰਾਏਲੀਆਂ ਨੇ ਕਦੇ **ਉਨ੍ਹਾਂ ਦੀਆਂ ਪੀੜ੍ਹੀਆਂ ਤੋੜੀ**, ਜਾਂ ਉਸ ਦੇ ਅਤੇ ਉਸ ਦੇ ਲੋਕਾਂ ਵਿਚਕਾਰ ਬੰਨ੍ਹੇ ਨੇਮ ਦੇ ਬਣੇ ਰਹਿਣ ਤਕ ਮੂਰਤੀਆਂ ਦੀ ਪੂਜਾ ਨਹੀਂ ਕਰਨੀ ਸੀ।

**ਆਇਤਾਂ 8, 9.** ਇਸ ਪੈਰ੍ਹੇ ਦੀਆਂ ਆਖਰੀ ਦੋ ਆਇਤਾਂ ਵਿਚ ਪਹਿਲਾਂ ਦੱਸੀ ਗਈ ਸਚਿਆਈ ਉੱਤੇ ਜ਼ੋਰ ਦਿੱਤਾ ਗਿਆ ਹੈ। ਮੂਸਾ ਨੇ ਲੋਕਾਂ ਨੂੰ ਇਹ ਦੱਸਣਾ ਸੀ ਕਿ ਜਿਹੜਾ ਵੀ ਕੋਈ **ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ** ਲਿਆਏ ਬਗ਼ੈਰ ਅਤੇ **ਯਹੋਵਾਹ ਦੇ ਅੱਗੇ** ਲਿਆਏ ਬਗ਼ੈਰ ਕਿਸੇ ਤਰ੍ਹਾਂ ਦੀ **ਬਲੀ ਚੜ੍ਹਾਵੇ** ਉਸ ਨੂੰ **ਆਪਣੇ ਲੋਕਾਂ ਵਿੱਚੋਂ ਛੇਕਿਆ ਜਾਵੇ**।

ਦਿਲਚਸਪ ਗੱਲ ਇਹ ਹੈ ਕਿ ਸ਼ਰ੍ਹਾ ਵਿਚ ਇਹ ਸਾਫ਼ ਕਰ ਦਿੱਤਾ ਗਿਆ ਸੀ ਕਿ ਇਹ ਨਿਯਮ ਨਾ ਸਿਰਫ਼ ਸਥਾਨਕ ਇਸਰਾਏਲੀਆਂ ਲਈ ਬਲਕਿ **ਓਪਰਿਆਂ ਵਿੱਚੋਂ ਜੋ** ਉਨ੍ਹਾਂ **ਵਿਚਕਾਰ ਰਹਿੰਦੇ ਸਨ** ਉਨ੍ਹਾਂ ਉੱਤੇ ਵੀ ਲਾਗੂ ਹੁੰਦੇ ਸਨ (ਵੇਖੋ 17:10, 12, 13, 15)। ਇਹ ਇਜ਼ਹਾਰ ਪਾਠਕ ਨੂੰ ਯਾਦ ਦੁਆਉਂਦਾ ਹੈ ਕਿ ਮਿਸਰ ਵਿੱਚੋਂ ਓਪਰਿਆਂ (ਗੈਰ–ਇਸਰਾਏਲੀਆਂ) ਦੀ ''ਮਿਲੀ ਜੁਲੀ ਭੀੜ'' ਇਸਰਾਏਲੀਆਂ ਦੇ ਨਾਲ ਮਿਸਰ ਵਿੱਚੋਂ ਨਿੱਕਲੀ ਸੀ (ਕੂਚ 12:38)। ਇਸ ਸੰਦਰਭ ਵਿਚ ਇਨ੍ਹਾਂ ''ਓਪਰਿਆਂ'' ਦਾ ਜ਼ਿਕਰ ਇਹ ਸੁਝਾਅ ਦੇ ਸਕਦਾ ਹੈ ਕਿ ਉਨ੍ਹਾਂ ਦਾ ਝੁਕਾਅ ਉਨ੍ਹਾਂ ਗੱਲਾਂ ਵੱਲ ਹੋ ਸਕਦਾ ਸੀ ਜਿਹੜੀਆਂ ਇਸਰਾਏਲ ਨੂੰ ਨਾ ਕਰਨ ਦਾ ਹੁਕਮ ਦਿੱਤਾ ਗਿਆ ਸੀ। ਇੱਥੇ ਜਿਨ੍ਹਾਂ ਪਾਬੰਦੀਆਂ ਦਾ ਜ਼ਿਕਰ ਹੈ, ਹੋ ਸਕਦਾ ਹੈ ਕਿ ਉਹ ਇਸਰਾਏਲੀਆਂ ਨੂੰ ਭਟਕਣ ਤੋਂ ਰੋਕਣ ਲਈ ਦਿੱਤੀਆਂ ਗਈਆਂ ਹੋਣ।

ਮੂਸਾ ਦੀ ਸ਼ਰ੍ਹਾ ਵਿਚ, ਪਰਮੇਸ਼ੁਰ ਨੇ ਚਾਹਿਆ ਕਿ ਇਸਰਾਏਲੀ ਇਨ੍ਹਾਂ ''ਪਰਦੇਸੀਆਂ'' ਨਾਲ ਸਹੀ ਸਲੂਕ ਕਰਨ। ਉਦਾਹਰਣ ਲਈ ਉਹਨੇ ਆਖਿਆ, ''ਪਰ ਜਿਹੜਾ ਓਪਰਾ ਤੁਹਾਡੇ ਵਿੱਚ ਵੱਸਦਾ ਹੈ ਸੋ ਤੁਹਾਨੂੰ ਅਜਿਹਾ ਹੋਵੇ ਜਿਹਾ ਆਪਣੇ ਵਿੱਚ ਜੰਮਿਆਂ ਹੋਵੇ ਅਤੇ ਤੂੰ ਉਸ ਦੇ ਨਾਲ ਆਪਣੇ ਜਿਹਾ ਪਿਆਰ ਕਰੀਂ ਕਿਉਂ ਜੋ ਤੁਸੀਂ ਮਿਸਰ ਦੇ ਦੇਸ ਵਿੱਚ ਓਪਰੇ ਸਾਓ'' (19:34)।

ਇਹ ''ਓਪਰੇ'' ਜਾਂ ''ਪਰਦੇਸੀ'' ਇਸਰਾਏਲ ਦੇ ਸ਼ਹਿਰੀਆਂ ਵਜੋਂ ਮੰਨੇ ਜਾਣ ਦੀ ਕੀਮਤ ਚੁਕਾਉਂਦੇ ਸਨ ਭਾਵ ਉਨ੍ਹਾਂ ਲਈ ਘੱਟੋ–ਘੱਟ ਉਹ ਨਿਯਮ ਮੰਨਣੇ ਜ਼ਰੂਰੀ ਸਨ ਜਿਹੜੇ ਇਸਰਾਏਲੀਆਂ ਨੂੰ ਦਿੱਤੇ ਗਏ ਸਨ। ਉਹ ਭਾਵੇਂ ਕਿਸੇ ਵੀ ਧਰਮ ਨੂੰ ਕਿਉਂ ਨਾ ਮੰਨਦੇ ਹੋਣ ਪਰ ਉਨ੍ਹਾਂ ਨੂੰ ਵੀ ਇਸਰਾਏਲੀਆਂ ਵਾਂਗ ਯਹੋਵਾਹ ਅੱਗੇ ਕੁਰਬਾਨੀਆਂ ਹਰ ਥਾਂ ਨਹੀਂ ਬਲਕਿ ਡੇਰੇ ਦੇ ਅੰਦਰ ਹੀ ਲਿਆਉਣ ਦੀ ਹਦਾਇਤ ਸੀ। ਇਹ ਮੰਨ ਕੇ ਚੱਲੀਏ ਕਿ ਉਨ੍ਹਾਂ ਨੂੰ ''ਭੂਤ ਬੱਕਰਿਆਂ'' ਜਾਂ ਕਿਸੇ ਹੋਰ ਝੂਠੇ ਦੇਵਤੇ ਅੱਗੇ ਕੁਰਬਾਨੀ ਚੜ੍ਹਾਉਣ ਦੀ ਇਜਾਜ਼ਤ ਨਹੀਂ ਸੀ। ਅਜਿਹਾ ਕਰਨ ਵਾਲਿਆਂ ਲਈ ਵੀ ਉਹੀ ਸਜ਼ਾ ਸੀ ਜਿਹੜੀ ਇਸਰਾਏਲੀਆਂ ਲਈ ਸੀ। ਇਸਰਾਏਲ ਵਿਚ ਰਹਿਣਾ ਚੁਣਨ ਵਾਲੇ ਓਪਰੇ ਨੂੰ ਇਸਰਾਏਲੀਆਂ ਵੱਲੋਂ ਬਰਕਤ ਮਿਲਣੀ ਸੀ; ਪਰ ਜੇ ਉਹ ਇਨ੍ਹਾਂ ਨਿਯਮਾਂ ਵਿੱਚੋਂ ਕਿਸੇ ਨੂੰ ਤੋੜਦਾ ਤਾਂ ਉਹਨੂੰ ਉਵੇਂ ਹੀ ਸਜ਼ਾ ਮਿਲਣੀ ਸੀ ਜਿਵੇਂ ਉਸ ਨਿਯਮ ਨੂੰ ਤੋੜਨ ਵਾਲੇ ਕਿਸੇ ਹੋਰ ਇਸਰਾਏਲੀ ਨੂੰ। ਗੈਰ–ਇਸਰਾਏਲੀਆਂ ਦਾ ਪਰਮੇਸ਼ੁਰ ਦੇ ਲੋਕਾਂ ਵਿਚ ਰਹਿਣ ਲਈ ਸਵਾਗਤ ਸੀ ਜਦੋਂ ਤਕ ਉਹ ਉਨ੍ਹਾਂ ਉੱਤੇ ਲਾਗੂ ਨਿਯਮਾਂ ਦੀ ਹੱਦ ਵਿਚ ਰਹਿੰਦੇ।

## ਲਹੂ ਖਾਣ ਦੀ ਮਨਾਹੀ (17:10-12)

**10ਅਤੇ ਭਾਵੇਂ ਕੋਈ ਮਨੁੱਖ ਇਸਰਾਏਲ ਦੇ ਘਰਾਣੇ ਦਾ ਹੋਵੇ ਯਾ ਉਨ੍ਹਾਂ ਓਪਰਿਆਂ ਵਿੱਚੋਂ ਜੋ ਤੁਹਾਡੇ ਵਿੱਚ ਵੱਸਦੇ ਹਨ ਜਿਹੜਾ ਕਿਸੇ ਪਰਕਾਰ ਦਾ ਲਹੂ ਖਾਵੇ ਤਾਂ ਜਿਹੜਾ ਲਹੂ ਖਾਵੇ, ਮੈਂ ਓਸ ਪ੍ਰਾਣੀ ਦਾ ਵਿਰੋਧੀ ਬਣਾਂਗਾ ਅਤੇ ਉਸ ਨੂੰ ਉਸ ਦਿਆਂ ਲੋਕਾਂ ਵਿੱਚੋਂ ਛੇਕ ਦਿਆਂਗਾ 11ਕਿਉਂ ਜੋ ਸਰੀਰ ਦੀ ਜਿੰਦ ਉਸ ਦੇ ਲਹੂ ਵਿੱਚ ਹੈ ਅਤੇ ਮੈਂ ਉਸ ਨੂੰ ਜਗਵੇਦੀ ਦੇ ਉੱਤੇ ਤੁਹਾਡੇ ਪ੍ਰਾਣਾਂ ਦੇ ਪ੍ਰਾਸਚਿਤ ਕਰਨ ਲਈ**

**ਤੁਹਾਨੂੰ ਦਿੱਤਾ ਹੈ ਕਿਉਂ ਕਿ ਜਿਹੜਾ ਪ੍ਰਾਸਚਿਤ ਕਰਦਾ ਹੈ ਸੋ ਜਿੰਦ ਦੇ ਕਾਰਨ ਲਹੂ ਹੈ [12]ਇਸ ਲਈ ਮੈਂ ਇਸਰਾਏਲੀਆਂ ਨੂੰ ਆਖਿਆ, ਜੋ ਤੁਹਾਡੇ ਵਿੱਚੋਂ ਕੋਈ ਪ੍ਰਾਣੀ ਲਹੂ ਨਾ ਖਾਵੇ, ਨਾ ਕੋਈ ਓਪਰਾ ਜੋ ਤੁਹਾਡੇ ਵਿਚਕਾਰ ਵੱਸਦਾ ਹੈ ਲਹੂ ਖਾਵੇ।**

ਅਧਿਆਇ 17 ਦੇ ਅੱਧ ਵਿਚ ਇਸਰਾਏਲੀਆਂ ਨੂੰ ਕਿਸੇ ਜਾਨਵਰ ਦੇ ਲਹੂ ਨੂੰ ਖਾਣ ਤੋਂ ਵਰਜਣ ਦਾ ਮਹੱਤਵਪੂਰਣ ਨਿਯਮ ਮਿਲਦਾ ਹੈ। ਇਹ ਨਿਯਮ ਮੁੱਢਲੀ ਕਲੀਸੀਆ ਵਿਚ ਵੀ ਪਰਮੇਸ਼ੁਰ ਦੇ ਲੋਕਾਂ ਲਈ ਵੱਡੀ ਅਹਿਮੀਅਤ ਵਾਲਾ ਬਣਿਆ ਰਿਹਾ (ਰਸੂਲਾਂ ਦੇ ਕਰਤੱਬ 15:29)।

**ਆਇਤਾਂ 10-12.** ਇਹ ਪੈਰ੍ਹਾ ਤਿੰਨ ਮਕਸਦ ਪੂਰੇ ਕਰਦਾ ਹੈ। ਪਹਿਲਾ, ਇਹ ਲਹੂ ਖਾਣ ਸਬੰਧੀ ਨਿਯਮ ਨੂੰ ਦੁਹਰਾਉਂਦਾ ਹੈ ਕਿ ਕੋਈ ਵੀ ਸ਼ਖ਼ਸ **ਲਹੂ** ਨਾ **ਖਾਵੇ**। ਇਹੀ ਨਿਯਮ ਪਹਿਲਾਂ ਲੇਵੀਆਂ ਵਿਚ ਵੀ ਮਿਲਿਆ ਸੀ (3:17; 7:26, 27), ਪਰ ਪਰਲੋ ਤੋਂ ਬਾਅਦ ਖ਼ੁਦਾ ਵੱਲੋਂ ਦਿੱਤੇ ਗਏ ਨਿਯਮਾਂ ਵਿਚ ਇਹ ਸਭ ਤੋਂ ਪਹਿਲਾਂ ਦਿੱਤਾ ਗਿਆ ਸੀ (ਉਤਪਤ 9:3, 4)। ਸ਼ਰ੍ਹਾ ਦਾ ਇਹ ਦੁਹਰਾਇਆ ਜਾਣਾ ਇਸ ਗੱਲ ਦੀ ਸ਼ਰਤ ਵੀ ਰੱਖਦਾ ਹੈ ਕਿ ਇਹ **ਇਸਰਾਏਲ ਦੇ ਘਰਾਣੇ** ਦੇ ਨਾਲ ਨਾਲ ਪਰਮੇਸ਼ੁਰ ਦੇ ਲੋਕਾਂ ਦੇ ਵਿਚਕਾਰ ਰਹਿਣ ਵਾਲੇ **ਓਪਰਿਆਂ** (ਗੈਰ–ਇਸਰਾਏਲੀਆਂ) ਉੱਤੇ ਵੀ ਲਾਗੂ ਹੁੰਦਾ ਸੀ (17:10, 12)।

ਦੂਜਾ, ਇਸ ਪੈਰ੍ਹੇ ਤੋਂ ਮਨਾਹੀ ਦੇ ਕਾਰਣਾਂ ਦਾ ਪਤਾ ਲਗਦਾ ਹੈ। ਕਿਸੇ ਨੂੰ ਵੀ ਲਹੂ ਨੂੰ ਖਾਣ ਦੀ ਮਨਾਹੀ ਸੀ ਕਿਉਂ ਜੋ **ਸਰੀਰ ਦੀ ਜਿੰਦ**[6] **ਉਸ ਦੇ ਲਹੂ ਵਿਚ ਹੈ**। ਇਹ ਪ੍ਰਾਚੀਨ ਸ਼ਬਦ ਡਾਕਟਰੀ/ਵਿਗਿਆਨਕ ਤੱਥ ਨਾਲ ਮੇਲ ਖਾਂਦੇ ਹਨ ਕਿ ਜ਼ਿੰਦਾ ਰਹਿਣ ਲਈ ਲਹੂ ਜ਼ਰੂਰੀ ਹੈ। ਕਿਸੇ ਦੀ ਲੱਤ ਜਾਂ ਬਾਂਹ ਕੱਟੀ ਜਾ ਸਕਦੀ ਹੈ ਅਤੇ ਉਹ ਫਿਰ ਵੀ ਜੀਉਂਦਾ ਰਹਿ ਸਕਦਾ ਹੈ, ਪਰ ਰਗਾਂ ਵਿਚ ਵਹਿਣ ਵਾਲੇ ਲਹੂ ਤੋਂ ਬਗ਼ੈਰ ਉਹ ਜ਼ਿੰਦਾ ਨਹੀਂ ਰਹਿ ਸਕਦਾ। ਲਹੂ ਨੂੰ ਨਾ ਖਾਣ ਦਾ ਇਕ ਹੋਰ ਕਾਰਣ ਇਹ ਦੱਸਿਆ ਗਿਆ ਹੈ ਕਿ ਪਰਮੇਸ਼ੁਰ ਨੇ ਲਹੂ ਨੂੰ **ਜਗਵੇਦੀ ਦੇ ਉੱਤੇ** ਉਨ੍ਹਾਂ ਦੇ **ਪ੍ਰਾਣਾਂ ਦੇ ਪ੍ਰਾਸਚਿਤ ਕਰਨ ਲਈ ਦਿੱਤਾ** (17:11)। ਜਾਨਵਰ ਦਾ ਲਹੂ ਉਸ ਦੀ ਮੌਤ ਵਿਚ ਵਹਾਇਆ ਗਿਆ, ਅਤੇ ਉਸ ਦੀ ਮੌਤ ਨਾਲ ਇਸ ਨੂੰ ਦੇਣ ਵਾਲੇ ਵਿਅਕਤੀ ਲਈ ਪ੍ਰਾਸਚਿਤ ਦਿੱਤਾ ਗਿਆ ਕਿ ਜਾਨਵਰ ਉਹਦੀ ਥਾਂ ਮਰਿਆ। ਬਲੀ ਕੀਤੇ ਜਾਨਵਰ ਨੂੰ ਉਸ ਦੀ ਮੌਤ ਦੀ ਸਜ਼ਾ ਮਿਲੀ ਸੀ ਜਿਸ ਦਾ ਹੱਕਦਾਰ ਉਹਨੂੰ ਚੜ੍ਹਾਉਣ ਵਾਲਾ ਸੀ। ਇਸ ਸਿਸਟਮ ਦੇ ਮਗਰ ਸਚਿਆਈ ਇਹ ਹੈ ਕਿ ਪਾਪ ਦੀ ਸਹੀ ਸਜ਼ਾ ਮੌਤ ਹੈ।

ਤੀਜਾ, ਵਚਨ ਮਨਾਹੀ ਦੀ ਉਲੰਘਣਾ ਕਰਨ ਦੀ ਸਜ਼ਾ ਦਾ ਐਲਾਨ ਕਰਦਾ ਹੈ। ਲਹੂ ਖਾਣ ਵਾਲੇ ਦੇ ਸਬੰਧ ਵਿਚ, ਪਰਮੇਸ਼ੁਰ ਨੇ ਆਖਿਆ, **ਮੈਂ ਓਸ ਪ੍ਰਾਣੀ ਦਾ ਵਿਰੋਧੀ ਬਣਾਂਗਾ ਅਤੇ ਉਸ ਨੂੰ ਉਸ ਦਿਆਂ ਲੋਕਾਂ ਵਿੱਚੋਂ ਛੇਕ ਦਿਆਂਗਾ** (17:10)। ਇਸ ਨਿਯਮ ਵਿਚ ਲੋਕਾਂ ਨੂੰ ਹਦਾਇਤਾਂ ਨਹੀਂ ਦੱਸੀਆਂ ਗਈਆਂ ਕਿ ਇਸ ਨਿਯਮ ਦੇ ਤੋੜਨ ਵਾਲੇ ਨਾਲ ਉਨ੍ਹਾਂ ਕੀ ਕਰਨਾ ਸੀ। ਬਲਕਿ ਇਹ ਆਖਦਾ ਹੈ ਕਿ ਉਸ ਵਿਅਕਤੀ ਨੂੰ ਜਿਸ ਨੇ ਲਹੂ ਖਾਧਾ ਹੋਵੇ ਪਰਮੇਸ਼ੁਰ ਨੇ ਆਪ ਸਜ਼ਾ ਦੇਣੀ ਸੀ! ਇਸ ਮਾਮਲੇ ਵਿਚ ''ਉਹਨੂੰ ਲੋਕਾਂ ਵਿੱਚੋਂ ਛੇਕ'' ਦੇਣਾ ਲਗਭਗ ਮੌਤ ਦੀ ਧਮਕੀ ਹੀ ਹੈ। ਇੱਥੇ ਸੰਦੇਸ਼ ਇਹ ਹੈ ''ਜੇ ਤੁਸੀਂ ਇਸ ਨਿਯਮ ਨੂੰ ਤੋੜਦੇ ਹੋ, ਤਾਂ ਤੁਸੀਂ ਮੌਤ ਦੀ ਸਜ਼ਾ ਦੇ ਯੋਗ ਹੋ, ਜਿਸ ਨੂੰ ਪਰਮੇਸ਼ੁਰ ਆਪ ਦਵੇਗਾ। ਜੇ ਤੁਸੀਂ ਲਹੂ ਖਾਂਦੇ ਹੋ, ਤਾਂ ਤੁਸੀਂ ਆਪਣੀ ਜਿੰਦ ਦੇ ਲਹੂ ਤੋਂ ਹੱਥ ਧੋ ਸਕਦੇ ਹੋ।''

## ਸ਼ਿਕਾਰੀਆਂ ਹੱਥੋਂ ਮਾਰੇ ਗਏ ਜੰਗਲੀ ਜਾਨਵਰ (17:13, 14)

**[13]ਅਤੇ ਭਾਵੇਂ ਕੋਈ ਮਨੁੱਖ ਇਸਰਾਏਲੀਆਂ ਦਾ ਹੋਵੇ ਯਾ ਓਪਰਿਆਂ ਵਿੱਚੋਂ ਜੋ ਤੁਹਾਡੇ ਵਿਚਕਾਰ ਵੱਸਦੇ ਹਨ ਜਿਹੜਾ ਸ਼ਿਕਾਰ ਕਰਕੇ ਕਿਸੇ ਖਾਣ ਜੋਗ ਪਸੂ ਯਾ ਪੰਛੀ ਨੂੰ ਫੜ ਲਵੇ ਉਹ ਦਾ ਲਹੂ ਕੱਢਕੇ ਉਹ ਨੂੰ ਮਿੱਟੀ ਨਾਲ ਕੱਜੇ। [14]ਕਿਉਂਜੋ ਉਹ ਸਾਰੇ ਮਾਸ ਦੀ ਜਿੰਦ ਹੈ, ਉਸ ਦਾ ਲਹੂ ਉਸ ਦੀ ਜਿੰਦ ਦੇ**

**ਲਈ ਹੈ, ਇਸ ਲਈ ਮੈਂ ਇਸਰਾਏਲੀਆਂ ਨੂੰ ਆਖਿਆ, ਤੁਸਾਂ ਕਿਸੇ ਪਰਕਾਰ ਦੇ ਮਾਸ ਦਾ ਲਹੂ ਨਾ ਖਾਣਾ ਕਿਉਂਜੋ ਸਾਰੇ ਮਾਸ ਦੀ ਜਿੰਦ ਉਸ ਦਾ ਲਹੂ ਹੈ। ਜਿਹੜਾ ਉਸ ਨੂੰ ਖਾਵੇ ਉਹ ਛੇਕਿਆ ਜਾਵੇ।**

ਪਰਮੇਸ਼ੁਰ ਦੇ ਪ੍ਰਕਾਸ਼ ਦਾ ਵਿਸ਼ਾ ਬਲੀ ਕੀਤੇ ਜਾ ਸਕਣ ਵਾਲੇ ਜਾਨਵਰਾਂ ਨੂੰ ਜੰਗਲੀ (ਪਰ ਸ਼ੁੱਧ) ਜਾਨਵਰਾਂ ਵੱਲ ਚਲਿਆ ਜਾਂਦਾ ਹੈ। ਲਹੂ ਦਾ ਸਰੋਕਾਰ ਇਸ ਵਿਚ ਵੀ ਹੈ।

**ਆਇਤਾਂ 13, 14.** ਯਹੋਵਾਹ ਨੂੰ ਪਹਿਲਾਂ ਹੀ ਪਤਾ ਹੋਵੇਗਾ ਕਿ ਇਸਰਾਏਲੀ ਲੋਕ ਕੁਰਬਾਨੀ ਲਈ ਨਾ ਵਰਤੇ ਜਾ ਵਾਲੇ ਜੰਗਲੀ ਜਾਨਵਰਾਂ ਦਾ **ਲਹੂ** ਖਾਣਾ ਚਾਹੁਣਗੇ। ਸ਼ਾਇਦ ਉਨ੍ਹਾਂ ਇਹ ਪੁੱਛਣਾ ਸੀ, ''ਜੇ ਅਸੀਂ ਕਿਸੇ ਨੀਲ ਗਾਂ ਨੂੰ ਮਾਰ ਕੇ ਖਾਣਾ ਹੋਵੇ, ਤਾਂ ਕੀ ਅਸੀਂ ਇਸ ਦਾ ਲਹੂ ਖਾ ਸਕਦੇ ਹਾਂ?'' ਅਜਿਹਾ ਸਵਾਲ ਜਾਇਜ਼ ਹੋਣਾ ਸੀ ਕਿਉਂ ਜੋ ਸ਼ੁੱਧ ਜਾਨਵਰਾਂ ਦੀ ਫ਼ਹਰਿਸਤ ਵਿਚ ਜੰਗਲੀ ਜਾਨਵਰ ਅਤੇ ਪੰਛੀ ਸ਼ਾਮਿਲ ਹਨ (ਵੇਖੋ ਬਿਵਸਥਾ ਸਾਰ 14:5)।[7]

ਇਸ ਸਵਾਲ ਦਾ ਜਵਾਬ ਇਹ ਹੈ ਕਿ ਜਿਹੜੇ ਨਿਯਮ ਸ਼ੁੱਧ ਘਰੇਲੂ ਜਾਨਵਰਾਂ ਲਈ ਸਨ ਉਹੀ ਸ਼ੁੱਧ ਜੰਗਲੀ ਜਾਨਵਰਾਂ ਲਈ ਵੀ ਸਨ ਭਾਵ ਉਨ੍ਹਾਂ ਦਾ ਲਹੂ ਨਹੀਂ ਖਾਧਾ ਜਾਣਾ ਸੀ। ਜੇ ਕੋਈ ਇਸਰਾਏਲੀ ਕਿਸੇ ਹਿਰਣ ਜਾਂ ਨੀਲ ਗਾਂ ਨੂੰ ਮਾਰਦਾ ਤਾਂ ਉਹ ਉਸ ਜਾਨਵਰ ਦਾ ਮਾਸ ਤਾਂ ਖਾ ਸਕਦਾ ਸੀ, ਪਰ ਉਸ ਦਾ ਲਹੂ ਨਹੀਂ। ਲਹੂ ਨੂੰ ਜ਼ਮੀਨ ਤੇ ਵਹਾ ਕੇ ਮਿੱਟੀ ਨਾਲ ਢੱਕ ਦੇਣਾ ਜ਼ਰੂਰੀ ਸੀ।[8] ਕਿਸੇ ਜੰਗਲੀ ਜਾਨਵਰ ਦੇ ਲਹੂ ਨੂੰ ਖਾਣ ਦੇ ਵਿਰੁੱਧ ਨਿਯਮ ਦਾ ਕਾਰਣ ਉਹੀ ਸੀ ਜਿਹੜਾ ਘਰੇਲੂ ਜਾਨਵਰ ਦੇ ਲਹੂ ਨੂੰ ਨਾ ਖਾਣ ਦਾ ਸੀ: ਕਿਉਂ ਜੋ **ਸਾਰੇ ਮਾਸ** [ਪਾਲਤੂ ਹੋਵੇ ਜਾਂ ਜੰਗਲੀ] **ਦੀ ਜਿੰਦ ਉਸ ਦਾ ਲਹੂ ਹੈ ਅਤੇ ਜਿਹੜਾ** [ਇਸਰਾਏਲੀ ਹੋਵੇ ਜਾਂ ਓਪਰਾ] **ਉਸ ਨੂੰ ਖਾਵੇ ਉਹ ਛੇਕਿਆ ਜਾਵੇ।**

## ਹੋਰਨਾਂ ਕਾਰਣਾਂ ਕਰਕੇ ਮਰਨ ਵਾਲੇ ਜਾਨਵਰ (17:15, 16)

**15ਅਤੇ ਜਿਹੜਾ ਪ੍ਰਾਣੀ ਉਸ ਨੂੰ ਜੋ ਆਪੇ ਮਰ ਗਿਆ ਹੋਵੇ ਯਾ ਉਸ ਨੂੰ ਜਿਹੜਾ ਪਸੂਆਂ ਨੇ ਪਾੜਿਆ ਹੋਵੇ ਉਹ ਖਾਵੇ, ਭਾਵੇਂ ਆਪਣੇ ਦੇਸ ਦਾ, ਭਾਵੇਂ ਓਪਰਾ ਹੋਵੇ ਤਾਂ ਉਹ ਨਾਲੇ ਆਪਣੇ ਲੀੜੇ ਧੋਵੇ ਨਾਲੇ ਪਾਣੀ ਵਿੱਚ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ, ਫੇਰ ਉਹ ਸ਼ੁੱਧ ਬਣੇ 16ਪਰ ਜੇ ਉਹ ਨਾ ਧੋਵੇ ਨਾ ਨ੍ਹਾਵੇ ਤਾਂ ਉਸ ਦਾ ਦੋਸ਼ ਉਸ ਦੇ ਜੁੰਮੇ ਹੈ।**

ਅਧਿਆਇ ਵਿਚ ਆਖ਼ਰੀ ਸ਼੍ਰੇਣੀ ਉਨ੍ਹਾਂ ਸ਼ੁੱਧ ਜਾਨਵਰਾਂ ਦੀ ਹੈ (ਜੰਗਲੀ ਹੋਣ ਜਾਂ ਘਰੇਲੂ) ਜਿਨ੍ਹਾਂ ਦੀ ਮੌਤ ਉੱਪਰ ਦੱਸੇ ਕਾਰਣਾਂ ਤੋਂ ਇਲਾਵਾ ਕਿਸੇ ਹੋਰ ਕਾਰਣ ਕਰਕੇ ਹੋਈ।

**ਆਇਤਾਂ 15, 16.** ਅਧਿਆਇ ਦੀ ਇਹ ਆਖ਼ਰੀ ਪਾਬੰਦੀ ਉਸ **ਪ੍ਰਾਣੀ** ਨਾਲ ਸਬੰਧਿਤ ਹੈ ਜਿਹੜਾ ਕੁਦਰਤੀ ਤੌਰ ਤੇ ਮਰਿਆ ਹੋਵੇ ਜਾਂ ਇਸ ਕਾਰਣ ਮਰਿਆ ਹੋਵੇ ਕਿ ਉਸ ਨੂੰ **ਪਸੂਆਂ ਨੇ ਪਾੜਿਆ ਹੋਵੇ।** ਲੇਵੀਆਂ ਦੇ ਨਿਯਮਾਂ ਵਿਚ ਪਹਿਲਾਂ ਆਖਿਆ ਗਿਆ ਸੀ ਕਿ ਕੁਦਰਤੀ ਮੌਤ ਮਰੇ ਜਾਨਵਰ ਨੂੰ ਛੂਹਣ ਜਾਂ ਉਸ ਦਾ ਮਾਸ ਖਾਣ ਵਾਲਾ ਅਸ਼ੁੱਧ ਹੋ ਜਾਂਦਾ ਸੀ (11:39, 40)। ਬਾਅਦ ਵਿਚ ਇਸ ਨਿਯਮ ਵਿਚ ਸੰਕੇਤ ਦਿੱਤਾ ਗਿਆ ਕਿ ਅਜਿਹੇ ਜਾਨਵਰ ਨੂੰ ਕਿਸੇ ਪਰਦੇਸ਼ੀ ਨੂੰ ਵੇਚਿਆ ਜਾ ਸਕਦਾ ਸੀ (ਬਿਵਸਥਾ ਸਾਰ 14:21)।

ਇਹ ਮੰਨ ਲਿਆ ਜਾਵੇ ਕਿ ਅਧਿਆਇ 17 ਵਿਚ ਉੱਪਰ ਦੱਸੇ ਗਏ ਮਾਮਲੇ ਵਿਚ, ਅਜਿਹੇ ਕਿਸੇ ਜਾਨਵਰ ਦਾ ਮਾਸ ਖਾਣ ਵਾਲਾ ਵਿਅਕਤੀ ਇਸ ਨੂੰ ਜਾਣੇ ਬਗ਼ੈਰ ਜਾਂ ਗਰਜ਼ ਕਰਕੇ ਖਾਂਦਾ ਹੋਵੇਗਾ। ਅਜਿਹਾ ਕਰਕੇ ਉਹਨੇ ਅਸ਼ੁੱਧ ਹੋ ਜਾਣਾ ਸੀ। ਫੇਰ ਤੋਂ ਸ਼ੁੱਧ ਹੋਣ ਲਈ ਉਹਦੇ ਲਈ ਜ਼ਰੂਰੀ ਸੀ ਕਿ ਉਹ **ਆਪਣੇ ਲੀੜੇ ਧੋਵੇ ਨਾਲੇ ਪਾਣੀ ਵਿੱਚ ਵਿੱਚ ਨ੍ਹਾਵੇ ਅਤੇ ਸੰਧਿਆ ਤੋੜੀ ਅਸ਼ੁੱਧ ਰਹੇ**। ਇਸ ਨਿਯਮ ਵਿਚ ਇਹ ਸਾਫ਼ ਹੈ ਕਿ ਇਹ **ਆਪਣੇ ਦੇਸ** ਦੇ ਇਸਰਾਏਲੀ ਦੇ ਨਾਲ ਨਾਲ **ਓਪਰਾ** ਲਈ

ਵੀ ਸੀ ਅਤੇ ਕੋਈ ਵੀ ਅਸ਼ੁੱਧ ਵਿਅਕਤੀ ਜਿਹੜਾ ਇਨ੍ਹਾਂ ਨਿਯਮਾਂ ਨੂੰ ਨਾ ਮੰਨੇ ਉਸ ਦਾ **ਦੋਸ਼ ਉਸ ਦੇ ਜ਼ਿੰਮੇ** ਹੋਣਾ ਸੀ।[9] ਦੂਜੇ ਸ਼ਬਦਾਂ ਵਿਚ ਉਸ ਨੂੰ ਉਹੀ ਸਜ਼ਾ ਮਿਲਣੀ ਸੀ ਜਿਸਦੀ ਅਸ਼ੁੱਧ ਹੋਣ ਵਾਲਾ ਵਿਅਕਤੀ ਉਮੀਦ ਕਰ ਸਕਦਾ ਸੀ।

ਕੁਰਬਾਨੀਆਂ ਅਤੇ ਲਹੂ ਦੀ ਚਰਚਾ ਅਚਾਨਕ ਖ਼ਤਮ ਹੁੰਦੀ ਹੈ ਅਤੇ ਅਧਿਆਇ 18 ਵਿਚ ਇਕ ਨਵਾਂ ਵਿਸ਼ਾ ਸ਼ੁਰੂ ਹੋ ਜਾਂਦਾ ਹੈ।

## ਪ੍ਰਾਸੰਗਿਕਤਾ

**ਮਾਸ ਖਾਣਾ (ਅਧਿਆਇ 17)**

ਅੱਜ ਕੁਝ ਲੋਕ ਮਾਸ ਨਹੀਂ ਖਾਂਦੇ; ਉਹ ''ਵੈਜੀਟੇਰੀਅਨ'' ਜਾਂ ''ਸ਼ਾਕਾਹਾਰੀ'' ਹੁੰਦੇ ਹਨ। ਉਨ੍ਹਾਂ ਦੇ ਵੱਖੋ–ਵੱਖ ਕਾਰਣ ਹੁੰਦੇ ਹਨ। ਕੁਝ ਆਲੇ–ਦੁਆਲੇ ਦੇ ਕਾਰਣਾਂ ਕਰਕੇ ਮਾਸ ਨਾ ਖਾਣਾ ਚੁਣਦੇ ਹਨ। ਉਨ੍ਹਾਂ ਸਭਨਾਂ ਦਾ ਇਹ ਮੰਨਣਾ ਹੁੰਦਾ ਹੈ ਕਿ ਮਾਸ ਤੋਂ ਪਰਹੇਜ਼ ਕਰਨ ਨਾਲ ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਨਾਲ ਸਰੀਰਕ ਜਾਂ ਮਾਨਸਿਕ ਤੌਰ ਤੇ ਚੰਗਾ ਲਗਦਾ ਹੈ।

ਭਲਾ ਬਾਈਬਲ ਇਸ ਵਿਸ਼ੇ ਤੇ ਕੁਝ ਕਹਿੰਦੀ ਹੈ? ਹਾਂ, ਬਾਈਬਲ ਮਾਸ ਖਾਣ ਦੀ ਇਜਾਜ਼ਤ ਦਿੰਦੀ ਹੈ। ਪਰਲੋ ਦੇ ਬਾਅਦ ਪਰਮੇਸ਼ੁਰ ਨੇ ਨੂਹ ਅਤੇ ਉਸ ਦੇ ਪਰਿਵਾਰ ਨੂੰ ਆਖਿਆ, ''ਹਰ ਚੱਲਣਹਾਰ ਜਿਹਦੇ ਵਿਚ ਜੀਵਨ ਹੈ ਤੁਹਾਡੇ ਭੋਜਨ ਲਈ ਹੋਵੇਗਾ'' (ਉਤਪਤ 9:3)। ਸਾਫ਼ ਹੈ ਕਿ ਮੂਸਾ ਦੀ ਸ਼ਰ੍ਹਾ ਵਿਚ ਜਾਨਵਰਾਂ ਨੂੰ ਕੱਟਣ ਅਤੇ ਖਾਣ ਦੀ ਇਜਾਜ਼ਤ ਸੀ। ਨਵਾਂ ਨੇਮ ਵੀ ਦੱਸਦਾ ਹੈ ਕਿ ਮਸੀਹੀ ਲੋਕਾਂ ਨੂੰ ਮਾਸ ਖਾਣ ਦੀ ਇਜਾਜ਼ਤ ਹੈ (ਰਸੂਲਾਂ ਦੇ ਕਰਤੱਬ 10:9–16; ਰੋਮੀਆਂ 14:2, 3)। ਯਿਸੂ ਨੇ ਆਪਣੇ ਚੇਲਿਆਂ ਦੇ ਨਾਲ ਮੱਛੀ ਖਾਧੀ (ਲੂਕਾ 24:41–43; ਯੂਹੰਨਾ 21:9–14)। ਬਾਈਬਲ ਦੇ ਨਜ਼ਰੀਏ ਤੋਂ ਮਾਸ ਖਾਣ ਵਿਚ ਕੁਝ ਗ਼ਲਤ ਨਹੀਂ ਹੈ; ਪਰ ਮਾਸ ਨਾ ਖਾਣਾ ਚੁਣਨ ਵਿਚ ਵੀ ਕੁਝ ਗ਼ਲਤ ਨਹੀਂ ਹੈ।

ਪਰ ਇਹ ਵਿਚਾਰ ਕਿ ਆਦਮੀ ਅਤੇ ਜਾਨਵਰ ਵਿਚ ਕੋਈ ਫ਼ਰਕ ਨਹੀਂ ਹੈ, ਅਤੇ ਇਸ ਕਰਕੇ ਜਾਨਵਰ ਨੂੰ ਮਾਰਨਾ ਆਦਮੀ ਨੂੰ ਮਾਰਨ ਵਾਂਗ ਹੀ ਗ਼ਲਤ ਹੈ, ਬਾਈਬਲ ਦੀ ਸਿੱਖਿਆ ਦੇ ਉਲਟ ਹੈ। ਬਾਈਬਲ ਦੱਸਦੀ ਹੈ ਕਿ ਪਰਮੇਸ਼ੁਰ ਨੇ ਮਨੁੱਖ ਨੂੰ ਆਪਣੇ ਸਰੂਪ ਉੱਤੇ ਬਣਾਇਆ (ਉਤਪਤ 1:27), ਪਰ ਇਹ ਇਹ ਨਹੀਂ ਦੱਸਦੀ ਕਿ ਜਾਨਵਰਾਂ ਨੂੰ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਇਆ ਗਿਆ ਸੀ। ਮਨੁੱਖ ਨੂੰ ਜਾਨਵਰਾਂ ਸਣੇ ਬਾਕੀ ਦੀ ਸਰਿਸ਼ਟੀ ਦਾ ਇਖ਼ਤਿਆਰ ਦਿੱਤਾ ਜਾਣਾ ਸੀ। ਉਹਨੇ ਜਾਨਵਰਾਂ ਦੀ ਦੇਖਭਾਲ ਰਹਿਮਦਿਲੀ ਨਾਲ ਕਰਨੀ ਸੀ, ਪਰ ਉਸ ਨੂੰ ਉਨ੍ਹਾਂ ਨੂੰ ਮਾਰਨ ਅਤੇ ਖਾਣ ਦੀ ਇਜਾਜ਼ਤ ਦਿੱਤੀ ਗਈ। ਸ਼ਰ੍ਹਾ ਦੇ ਮੁਤਾਬਿਕ ਜੇ ਕੋਈ ਆਦਮੀ ਕਿਸੇ ਹੋਰ ਆਦਮੀ ਨੂੰ ਚੁਰਾਵੇ (ਅਗਵਾ ਕਰੇ) ਭਾਵੇਂ ਉਹਨੇ ਉਸ ਆਦਮੀ ਨੂੰ ਆਪਣਾ ਗੁਲਾਮ ਬਣਾਇਆ ਹੋਵੇ ਜਾਂ ਉਹਨੂੰ ਵੇਚ ਦਿੱਤਾ ਹੋਵੇ, ਉਸ ਦੀ ਸਜ਼ਾ ਮੌਤ ਸੀ (ਕੂਚ 21:16)। ਜੇ ਕੋਈ ਆਦਮੀ ਕਿਸੇ ਆਦਮੀ ਦੇ ਜਾਨਵਰ ਨੂੰ ਚੁਰਾ ਕੇ ਉਹਨੂੰ ਕੱਟ ਲਵੇ ਅਤੇ ਉਸ ਦਾ ਵੀ ਜੁਰਮਾਨਾ ਉਹਨੂੰ ਚੁਕਾਉਣਾ ਪੈਂਦਾ ਸੀ। ਉਸ ਦੀ ਵੀ ਸਜ਼ਾ ਉਹਨੂੰ ਦੇਣੀ ਜ਼ਰੂਰੀ ਸੀ ਪਰ ਇਹ ਸਜ਼ਾ ਮੌਤ ਨਹੀਂ ਸੀ (ਕੂਚ 22:1)।

---

ਟਿੱਪਣੀਆਂ

[1]ਕੁਝ ਟੀਕਾਕਾਰ ਜਿਹੜੇ ਲੇਵੀਆਂ ਦੀ ਪੋਥੀ ਦੇ ਮੂਸਾ ਵੱਲੋਂ ਲਿਖੇ ਹੋਣ ਤੋਂ ਸ਼ੱਕ ਕਰਦੇ ਹਨ ਅਧਿਆਇ 17 ਤੋਂ 26 ਨੂੰ ''ਪਵਿੱਤਰਤਾਈ ਦੇ ਕੋਡ'' ਵਜੋਂ ਦੱਸ ਕੇ ਦਾਅਵਾ ਕਰਦੇ ਹਨ ਕਿ ਕਿਤਾਬ ਦਾ ਇਹ ਹਿੱਸਾ

ਮੂਸਾ ਤੋਂ ਤਕਰੀਬਨ ਹਜ਼ਾਰ ਸਾਲ ਬਾਅਦ ਲਿਖਿਆ ਗਿਆ। ਇਹ ਵਿਚਾਰ ਕਿ ਇਹ ਇਕ ਵੱਖਰਾ ਦਸਤਾਵੇਜ਼ ਸੀ ਅਤੇ ਇਸ ਨੂੰ ਤੁਰੇਤ ਵਿਚ ਬਾਅਦ ਵਿਚ ਜੋੜਿਆ ਗਿਆ ਦਸਤਾਵੇਜ਼ੀ ਕਲਪਨਾ ਦਾ ਇਕ ਹਿੱਸਾ ਹੈ। ਇਸ ਸਿੱਖਿਆ ਦੀ ਪੂਰੀ ਚਰਚਾ ਕੋਏ ਡੀ. ਰੋਪਰ, *ਕੂਚ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2008), 651–55. [2]ਕਲਾਈਡ ਐੱਮ. ਵੂਡਸ ਅਤੇ ਜਸਟਿਨ ਐੱਮ. ਰੋਜਰਸ ਨੇ ਲਿਖਿਆ, ''ਲੇਵੀਆਂ 1–16 ਦੇ ਅਧਿਆਇ ਨੂੰ ਪਵਿੱਤਰ ਖ਼ੁਦਾ ਦੇ ਨੇੜੇ ਆਉਣ ਦੇ ਰਸਮੀ ਚਰਚਾ ਦੇ ਰੂਪ ਵਿਚ ਵਿਚਾਰ ਕਰਦਿਆਂ, ਅਧਿਆਇ 17–26 ਨੂੰ ਪਵਿੱਤਰ ਖ਼ੁਦਾ ਦੇ ਨਾਲ ਸੰਗਤੀ ਬਣਾਈ ਰੱਖਣ ਦੇ ਸਾਧਨ ਵਜੋਂ ਵੇਖਿਆ ਜਾ ਸਕਦਾ ਹੈ'' (ਕਲਾਈਡ ਐੱਮ. ਵੂਡਸ ਐਂਡ ਜਸਟਿਨ ਐੱਮ. ਰੋਜਰਸ, *ਲੇਵੀਆਂ ਦੀ ਪੋਥੀ–ਗਿਣਤੀ*, ਦ ਕਾਲਜ ਪ੍ਰੈੱਸ NIV ਕਮੈਂਟਰੀ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2006], 111)। [3]ਰੌਏ ਗੇਨ ਨੇ ਇਸ ਵਿਚਾਰ ਦਾ ਸਮਰਥਨ ਕੀਤਾ। (ਰੌਏ ਗੇਨ, *ਲੇਵੀਆਂ ਦੀ ਪੋਥੀ, ਗਿਣਤੀ*, ਦ NIV ਐਪਲੀਕੇਸ਼ਨ ਕਮੈਂਟਰੀ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2004], 301–2.) ਜੇਮਸ ਈ. ਸਮਿਥ ਨੇ ਵੀ ਇਹ ਲਿਖਦੇ ਹੋਏ ''ਡੇਰੇ ਦੇ ਬਾਹਰ ਕੋਈ ਵੀ ਘਰੇਲੂ ਜਾਨਵਰ ਨਹੀਂ ਮਾਰਿਆ ਜਾਣਾ ਸੀ। ... ਅਜਿਹਾ ਨਿਯਮ ਤਾਂ ਹੀ ਪ੍ਰਭਾਵੀ ਹੋ ਸਕਦਾ ਸੀ ਜੇ ਮਾਸ ਖਾਣਾ ਇਕ ਵਿਰਲੀ ਵਿਲਾਸਿਤਾ ਹੁੰਦਾ ਅਤੇ ਜਦ ਹਰ ਕੋਈ ਵੇਦੀ ਦੇ ਨੇੜੇ ਰਹਿੰਦਾ'' ਇਸ ਹਵਾਲੇ ਦੇ ਵਿਚਾਰ ਨੂੰ ਸਵੀਕਾਰ ਕੀਤਾ। (ਜੇਮਸ ਈ. ਸਮਿਥ, *ਦ ਪੈਂਟਾਟਿਊਕ*, ਜਿਲਦ ਦੂਜੀ, ਓਲਡ ਟੈਸਟਾਮੈਂਟ ਸਰਵੇ ਸੀਰੀਜ਼ [ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 1993], 383.) ਅਜਿਹਾ ਹੀ ਵਿਚਾਰ ਵਾਰੇਨ ਡਬਲਯੂ. ਵਿਅਰਸਬੇ, *ਬੀ ਹੋਲੀ* (ਵ੍ਹੀਟਨ, ਇਲਿਨੋਇ: ਵਿਕਟਰ ਬੁਕਸ, 1994), 78–79 ਵਿਚ ਦਿੱਤਾ ਗਿਆ ਹੈ। [4]*ਦ ਐਕਸਪੋਜ਼ਿਟਰਜ਼ ਬਾਈਬਲ ਕਮੈਂਟਰੀ*, ਭਾਗ 2, *ਉਤਪਤ–ਗਿਣਤੀ*, ਸੰਪਾ. ਫ੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990), 593 ਵਿਚ ਆਰ. ਲੇਅਰਡ ਹੈਰਿਸ, ''*ਲੇਵੀਆਂ ਦੀ ਪੋਥੀ*।'' ਗੋਰਡਨ ਜੇ. ਵੈਨਹਮ, ਨੇ ਕਿਹਾ ਕਿ ਇਹ ਨਿਯਮ ਕੁਰਬਾਨ ਕੀਤੇ ਜਾਣ ਵਾਲੇ ਜਾਨਵਰਾਂ ਦੇ ਡੇਰੇ ਤੋਂ ਇਲਾਵਾ ਹੋਰ ਕਿਤੇ ਮਾਰੇ ਜਾਣ ਤੇ ਪਾਬੰਦੀ ਲਾਉਂਦਾ ਹੈ: ''ਗੋਰਡਨ ਜੇ. ਵੈਨਹਮ, *ਦ ਬੁਕ ਆਫ਼ ਲੇਵੀਆਂ ਦੀ ਪੋਥੀ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ'' (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1979), 241. [5]ਕਲਾਈਡ ਐੱਮ. ਵੂਡਸ, *ਲੇਵੀਆਂ ਦੀ ਪੋਥੀ–ਗਿਣਤੀ–ਬਿਵਸਥਾ ਸਾਰ*, ਦ ਲਿਵਿੰਗ ਵੇ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ, ਜਿਲਦ 2 (ਸ਼ਰੇਵੇਪੋਰਟ, ਲੁਇਸਿਆਨਾ: ਲੈਂਬਰਟ ਬੁਕ ਹਾਊਸ, 1974), 43. [6]ਇਸ ਪੂਰੇ ਅਧਿਆਇ ਵਿਚ ਅਨੁਵਾਦ ਹੋਏ ਸ਼ਬਦ ''ਜਿੰਦ'' ਦਾ ਇਬਰਾਨੀ ਸ਼ਬਦ ***nepesh*** (*ਨੇਪੇਸ਼*) ਹੈ ਜਿਸ ਦਾ ਅਰਥ ''ਜ਼ਿੰਦਗੀ'' ਦੇ ਨਾਲ ਨਾਲ ''ਜਾਨ'' ਹੋ ਸਕਦਾ ਹੈ। [7]ਬਿਵਸਥਾ ਸਾਰ 14:11 ਅਤੇ 20 ਵਿਚ ਕਿਹਾ ਗਿਆ ਹੈ ਕਿ ਇਸਰਾਏਲੀ ਲੋਕ ''ਸਾਰੇ ਸ਼ੁੱਧ ਪੰਖੇਰੂ ਖਾ'' ਸਕਦੇ ਸਨ। ਪਰ ਇਹ ਆਇਤ ਇਹ ਨਹੀਂ ਦੱਸਦੀਆਂ ਕਿ ''ਸ਼ੁੱਧ'' ਪੰਛੀ ਕਿਹੜੇ ਕਿਹੜੇ ਸਨ। ਅਸ਼ੁੱਧ ਪੰਛੀਆਂ ਦੀ ਇਕ ਲੰਮੀ ਫ਼ਹਰਿਸਤ ਦੇ ਕੇ (ਬਿਵਸਥਾ ਸਾਰ 14:12–19) ਵਚਨ ਇਹ ਸੰਕੇਤ ਦਿੰਦਾ ਹੈ ਕਿ ਹੋਰ ਕੋਈ ਵੀ ਪੰਛੀ ਸ਼ੁੱਧ ਸੀ ਅਤੇ ਉਹਨੂੰ ਖਾਧਾ ਜਾ ਸਕਦਾ ਸੀ। ਲੇਵੀਆਂ 11:13–19 ਵੀ ਇਵੇਂ ਹੀ ਹੈ। [8]ਇਹ ਨਿਯਮ ਸਮਝਾਉਂਦਾ ਹੈ ਕਿ ਕਿਸੇ ਜਾਨਵਰ ਦਾ ਖ਼ੂਨ ਨਾ ਖਾਣ ਵਿਚ ਕੀ ਗੱਲ ਸੀ। ਸ਼ਰ੍ਹਾ ਵਿਚ ਖ਼ਾਸ ਤੌਰ ਤੇ ਅਜਿਹਾ ਮਾਸ ਖਾਣ ਦੀ ਮਨ੍ਹਾ ਕੀਤੀ ਗਈ ਜਿਸ ਦਾ ਖ਼ੂਨ ਸਹੀ ਤਰੀਕੇ ਨਾਲ ਨਿਚੋੜਿਆ ਨਾ ਗਿਆ ਹੋਵੇ। ਜੇ ਕਿਸੇ ਜਾਨਵਰ ਨੂੰ ਸ਼ਿਕਾਰ ਕਰਕੇ ਮਾਰਿਆ ਗਿਆ ਹੋਵੇ ਤਾਂ ਇਸ ਨੂੰ ਲਟਕਾ ਕੇ ਇਸ ਦਾ ਗਲਾ ਕੱਟਿਆ ਜਾਣਾ ਜ਼ਰੂਰੀ ਸੀ (ਜਾਂ ਅਜਿਹਾ ਹੋਰ ਕੁਝ ਕਰਨਾ) ਤਾਂ ਜੋ ਇਸ ਨੂੰ ਖਾਧੇ ਜਾਣ ਤੋਂ ਪਹਿਲਾਂ ਉਸ ਦੇ ਸਰੀਰ ਵਿੱਚੋਂ ਉਸ ਦਾ ਸਾਰਾ ਖ਼ੂਨ (ਜਾਂ ਲਗਭਗ ਸਾਰਾ) ਨਿੱਕਲ ਜਾਵੇ। ਯਹੂਦੀ ਲੋਕ ਅੱਜ ਸਹੀ ਤਰੀਕੇ ਨਾਲ ਕੱਟੇ ਗਏ ਜਾਨਵਰ ਦੇ ਮਾਸ ਨੂੰ *ਕੋਸ਼ਰ* ਆਖਦੇ ਹਨ ਜਿਸ ਦਾ ਅਰਥ ''ਰਸਮੀ ਤੌਰ ਤੇ ਸ਼ੁੱਧ'' ਵਰਗਾ ਕੁਝ ਹੈ। [9]ਅਨੁਵਾਦ ਹੋਏ ਸ਼ਬਦ ''ਦੋਸ਼'' ਦਾ ਇਬਰਾਨੀ ਸ਼ਬਦ ***'awon*** (*ਆਵੋਨ*) ''ਅਪਰਾਧ'' ਵੀ ਹੋ ਸਕਦਾ ਸੀ।